# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 16-04-2024**

- ਭਾਰਤ ਚੋਣ ਕਮਿਸ਼ਨ ਅਨੁਸਾਰ ਦੇਸ਼ਭਰ ਵਿਚ ਸੀ ਵਿਜੀਲ 'ਤੇ ਦਰਜ਼ ਕੁੱਲ 2,68,080 ਸ਼ਿਕਾਇਤਾਂ ਵਿੱਚੋਂ 2,67,762 ਵਿੱਚ ਕਾਰਵਾਈ ਕੀਤੀ ਗਈ ਏ ।
- ਲੋਕਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੇ ਤਿੰਨ ਅਤੇ ਆਮ ਆਦਮੀ ਪਾਰਟੀ ਨੇ ਚਾਰ ਹਲਕਿਆਂ ਤੋਂ ਅੱਜ ਆਪੋ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਏ ।
- ਰੂਪਨਗਰ ਜ਼ਿਲੇ ਦੇ ਨੰਗਲ ਵਿਖੇ ਬੀਤੇ ਦਿਨ ਵਿਸ਼ਵ ਹਿੰਦੂ ਪਰਿਸ਼ਦ ਦੇ ਆਗੂ ਵਿਕਾਸ ਪ੍ਰਭਾਕਰ ਦੇ ਕਤਲ ਮਾਮਲੇ ਵਿਚ ਪੁਲਿਸ ਨੇ ਦੋ ਸ਼ੂਟਰਾਂ ਨੂੰ ਗਿਰਫਤਾਰ ਕੀਤਾ ਏ ।

- ਚੇਤ ਦੇ ਨਰਾਤਿਆਂ ਦੇ ਅੱਜ ਅੱਠਵੇਂ ਦਿਨ ਮਾਂ ਦੁਰਗਾ ਦੇ ਮਹਾ ਅਸ਼ਟਮੀ ਸਰੂਪ ਦੀ ਪੂਜਾ ਅਰਚਨਾ ਕੀਤੀ ਜਾ ਰਹੀ ਏ- ਕੰਜਕ ਪੂਜਾ ਕਰਕੇ ਲੋਕਾਂ ਨੇ ਆਪਣੇ ਨਰਾਤਿਆਂ ਦੇ ਵਰਤ ਖੋਲ੍ਹੇ ।

---------------------------------------------------

ਭਾਰਤ ਚੋਣ ਕਮਿਸ਼ਨ ਦਾ ਕਹਿਣਾ ਏ ਕਿ ਉਹ ਸਾਰੀਆਂ ਸਿਆਸੀ ਪਾਰਟੀਆਂ ਨਾਲ ਬਰਾਬਰ ਦਾ ਸਲੂਕ ਕਰ ਰਿਹਾ ਏ । ਇਸ ਲੜੀ ਤਹਿਤ ਕਮਿਸ਼ਨ ਨੇ ਵੱਖ-ਵੱਖ ਸਿਆਸੀ ਪਾਰਟੀਆਂ ਵਿਰੁੱਧ ਕੀਤੀ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਏ । ਇੱਕ ਮਹੀਨੇ ਦੇ ਅਰਸੇ ਦੌਰਾਨ ਸੱਤ ਸਿਆਸੀ ਪਾਰਟੀਆਂ ਦੇ 16 ਵਫ਼ਦ ਚੋਣ ਜ਼ਾਬਤੇ ਦੀਆਂ ਕਥਿਤ ਉਲੰਘਣਾਵਾਂ ਅਤੇ ਸਬੰਧਤ ਮਾਮਲਿਆਂ ’ਤੇ ਸ਼ਿਕਾਇਤਾਂ ਦਰਜ ਕਰਵਾਉਣ ਲਈ ਕਮਿਸ਼ਨ ਨੂੰ ਮਿਲੇ । ਕਈ ਵਫ਼ਦ ਸੂਬਿਆਂ ਵਿੱਚ ਮੁੱਖ ਚੋਣ ਅਧਿਕਾਰੀ ਦੇ ਪੱਧਰ 'ਤੇ ਵੀ ਮਿਲੇ । ਵੱਖ-ਵੱਖ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਵੱਲੋਂ 200 ਦੇ ਕਰੀਬ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਅਤੇ ਇਨ੍ਹਾਂ ਵਿੱਚੋਂ 169 ਵਿੱਚ ਕਾਰਵਾਈ ਕੀਤੀ ਗਈ ਏ । ਭਾਜਪਾ ਤੋਂ ਕੁੱਲ 51 ਸ਼ਿਕਾਇਤਾਂ ਮਿਲੀਆਂ ਸਨ, ਜਿਨ੍ਹਾਂ ਵਿੱਚੋਂ 38 ਵਿੱਚ

ਕਾਰਵਾਈ ਕੀਤੀ ਗਈ ਏ। ਕਾਂਗਰਸ ਵੱਲੋਂ 59 ਸ਼ਿਕਾਇਤਾਂ ਆਈਆਂ ਸਨ, ਜਿਨ੍ਹਾਂ ਵਿੱਚੋਂ 51 ਵਿੱਚ ਕਾਰਵਾਈ ਹੋਈ ਏ। ਦੂਜੀਆਂ ਧਿਰਾਂ ਵੱਲੋਂ 90 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 80 ਮਾਮਾਲਿਆਂ ਵਿੱਚ ਕਾਰਵਾਈ ਕੀਤੀ ਗਈ ਏ। ਕਮਿਸ਼ਨ ਮੁਤਾਬਕ ਨਾਗਰਿਕਾਂ ਲਈ ਬਣਾਏ ਗਏ ਪੋਰਟਲ ਸੀ ਵਿਜੀਲ 'ਤੇ ਕੁੱਲ 2,68,080 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਨੇ ਅਤੇ ਇਨ੍ਹਾਂ ਵਿੱਚੋਂ 2,67,762 ਸ਼ਿਕਾਇਤਾਂ ਵਿੱਚ ਕਾਰਵਾਈ ਕੀਤੀ ਗਈ ਅਤੇ ਔਸਤਨ 100 ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ 92 ਫੀਸਦੀ ਕੇਸਾਂ ਦਾ ਨਿਪਟਾਰਾ ਕੀਤਾ ਗਿਆ ਏ।

---------------------------------------------------------------

ਲੋਕਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਨੇ ਅੱਜ ਪੰਜਾਬ ਦੇ ਤਿੰਨ ਹੋਰ ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਏ। ਇਸ ਲਿਸਟ ਅਨੁਸਾਰ ਖਡੂਰ ਸਾਹਿਬ ਲੋਕਸਭਾ ਹਲਕੇ ਤੋਂ ਮਨਜੀਤ ਸਿੰਘ ਮੰਨਾ ਮੀਆਂਵਿੰਡ, ਹੁਸ਼ਿਆਰਪੁਰ ਰਾਖਵੇਂ ਲੋਕਸਭਾ ਹਲਕੇ ਤੋਂ ਅਨੀਤਾ ਸੋਮ ਪ੍ਰਕਾਸ਼ ਅਤੇ ਬਠਿੰਡਾ ਲੋਕਸਭਾ ਹਲਕੇ ਤੋਂ ਪਰਮਪਾਲ ਕੌਰ ਸਿੱਧੂ ਨੂੰ ਪਾਰਟੀ ਨੇ ਆਪਣਾ ਉਮੀਦਵਾਰ ਐਲਾਨਿਆ ਏ। ਇਸ ਤੋਂ ਪਹਿਲਾਂ ਬੀਤੇ

30 ਮਾਰਚ ਨੂੰ ਪਾਰਟੀ ਨੇ 6 ਉਮੀਦਵਾਰਾਂ ਦਾ ਐਲਾਨ ਕੀਤਾ ਸੀ ਅਤੇ ਇਸ ਤਰ੍ਹਾਂ ਹੁਣ ਤਕ ਪਾਰਟੀ ਕੁਲ 9 ਲੋਕਸਭਾ ਹਲਕਿਆਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਚੁਕੀ ਏ ਜਦਕਿ ਬਾਕੀ ਦੇ ਚਾਰ ਹਲਕਿਆਂ ਲਈ ਵੀ ਛੇਤੀ ਹੀ ਉਮੀਦਵਾਰ ਐਲਾਨੇ ਜਾਣ ਦੀ ਆਸ ਏ। ਹੁਸ਼ਿਆਰਪੁਰ ਤੋਂ ਅਨੀਤਾ ਸੋਮ ਪ੍ਰਕਾਸ਼ ਇਸ ਵੇਲੇ ਕੇਂਦਰੀ ਸਨਅਤ ਤੇ ਵਣਜ ਰਾਜ ਮੰਤਰੀ ਸੋਮ ਪ੍ਰਕਾਸ਼ ਦੇ ਪਤਨੀ ਨੇ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਦੇ ਨੂੰਹ ਪਰਮਪਾਲ ਕੌਰ ਬੀਤੇ ਦਿਨੀਂ ਹੀ ਆਈ ਏ ਐਸ ਦੇ ਔਹਦੇ ਤੋਂ ਇਸਤੀਫ਼ਾ ਦੇ ਕੇ ਭਾਜਪਾ ਵਿਚ ਸ਼ਾਮਲ ਹੋਏ ਨੇ। ਪਾਰਟੀ ਵਲੋਂ ਹਾਲੇ ਸੰਗਰੂਰ, ਫਤਹਿਗੜ੍ਹ ਸਾਹਿਬ, ਆਨੰਦਪੁਰ ਸਾਹਿਬ ਅਤੇ ਫਿਰੋਜ਼ਪੁਰ ਤੋਂ ਉਮੀਦਵਾਰਾਂ ਦਾ ਐਲਾਨ ਕੀਤਾ ਜਾਣਾ ਏ।

---------------------------------------------------------------

ਇਸ ਦੌਰਾਨ ਆਮ ਆਦਮੀ ਪਾਰਟੀ ਨੇ ਵੀ ਪੰਜਾਬ ਲਈ ਆਪਣੀ ਤੀਜੀ ਤੇ ਆਖਰੀ ਲਿਸਟ ਵਿਚ ਅੱਜ ਚਾਰ ਹੋਰ ਲੋਕ ਸਭਾ ਹਲਕਿਆਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ। ਆਮ ਆਦਮੀ ਪਾਰਟੀ ਨੇ

ਇਸ ਤਰ੍ਹਾਂ ਸਾਰੇ ਹੀ 13 ਲੋਕਸਭਾ ਹਲਕਿਆਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਏ। ਪਾਰਟੀ ਨੇ ਜਲੰਧਰ ਰਾਖਵੇਂ ਲੋਕਸਭਾ ਹਲਕੇ ਤੋਂ ਪਵਨ ਕੁਮਾਰ ਟੀਨੂੰ, ਲੁਧਿਆਣਾ ਤੋਂ ਅਸ਼ੋਕ ਪਰਾਸ਼ਰ ਪੱਪੀ, ਫਿਰੋਜ਼ਪੁਰ ਤੋਂ ਜਗਦੀਪ ਸਿੰਘ ਕਾਕਾ ਬਰਾੜ ਅਤੇ ਗੁਰਦਾਸਪੁਰ ਤੋਂ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਆਪਣਾ ਉਮੀਦਵਾਰ ਬਣਾਇਆ ਏ। ਲੁਧਿਆਣਾ, ਫਿਰੋਜ਼ਪੁਰ ਅਤੇ ਗੁਰਦਾਸਪੁਰ ਤੋਂ ਐਲਾਨੇ ਗਏ ਉਮੀਦਵਾਰ ਇਸ ਵੇਲੇ ਪਾਰਟੀ ਦੇ ਵਿਧਾਇਕ ਵੀ ਨੇ ਜਦਕਿ ਪਵਨ ਕੁਮਾਰ ਟੀਨੂੰ ਬੀਤੇ ਐਤਵਾਰ ਨੂੰ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਨੇ।

------------------------------------------------------------

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਏ ਕਿ ਪੰਜਾਬ ਦੀ ਤਰੱਕੀ ਅਤੇ ਵਿਕਾਸ ਲਈ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਹੋਣਾ ਸੂਬੇ ਦੇ ਭਵਿੱਖ ਦੀ ਅਹਿਮ ਜਰੂਰਤ ਏ। ਰੋਪੜ ਵਿਖੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਏ।

ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਕੌਮੀ ਪਾਰਟੀਆਂ ਦੇ ਗੈਰ-ਸਿਧਾਂਤਕ ਅਤੇ ਗੈਰ-ਲੋਕਤੰਤਰਿਕ ਅਮਲ ਨੂੰ ਠੱਲ੍ਹਣ ਲਈ ਖੇਤਰੀ ਪਾਰਟੀਆਂ ਦਾ ਸਹਿਯੋਗ ਬੇਹੱਦ ਜ਼ਰੂਰੀ ਏ । ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੀ ਗੱਲ ਕੀਤੀ ਏ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਅਤੇ ਦੇਸ਼ ਦੀ ਭਾਈਚਾਰਕ ਸਾਂਝ 'ਤੇ ਏਕਤਾ ਦੀ ਮਜ਼ਬੂਤੀ ਲਈ ਪਹਿਲ ਕੀਤੀ ਏ।

---------------------------------------------------------

ਬੀਤੇ ਦਿਨ ਰੂਪਨਗਰ ਜ਼ਿਲੇ ਦੇ ਨੰਗਲ ਵਿਖੇ ਵਿਸ਼ਵ ਹਿੰਦੂ ਪਰਿਸ਼ਦ ਦੇ ਆਗੂ ਵਿਕਾਸ ਪ੍ਰਭਾਕਰ ਦੇ ਕਤਲ ਦੇ ਮਾਮਲੇ ਵਿਚ ਪੁਲਿਸ ਨੇ ਦੋ ਸ਼ੂਟਰਾਂ ਨੂੰ ਗਿਰਫਤਾਰ ਕਰਕੇ ਮਾਮਲੇ ਨੂੰ ਹਾਲ ਕਰਨ ਦਾ ਦਾਅਵਾ ਕੀਤਾ ਏ । ਪੰਜਾਬ ਪੁਲਿਸ ਦੇ ਡੀ ਜੀ ਪੀ ਗੌਰਵ ਯਾਦਵ ਨੇ ਅੱਜ ਚੰਡੀਗੜ੍ਹ ਵਿਚ ਦੱਸਿਆ ਕਿ ਇਸ ਘਟਨਾ ਦੇ ਤਾਰ ਸਰਹੱਦ ਪਾਰ ਪਾਕਿਸਤਾਨ ਨਾਲ ਵੀ ਜੁੜੇ ਹੋਏ ਨੇ । ਉਨਾਂ ਕਿਹਾ ਕਿ ਦੋਹਾਂ ਹੀ ਸ਼ੂਟਰਾਂ ਤੋਂ ਅਗੇ ਪੁੱਛਗਿੱਛ ਕੀਤੀ ਜਾ ਰਹੀ ਏ ।

-----------------------------------------------------------

ਸੰਤ ਸਮਾਜ ਨੇ ਪੰਜਾਬ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਅੱਗੇ ਵਾਤਾਵਰਣ ਪੱਖੀ ਲੋਕ ਏਜੰਡਾ ਰੱਖਦਿਆਂ ਕਿਹਾ ਏ ਕਿ ਉਹ ਆਪੋ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਇਸ ਨੂੰ ਸ਼ਾਮਿਲ ਕਰਨ । ਸੰਤ ਸਮਾਜ ਨੇ ਪੰਜਾਬ ਦੇ ਵੋ ੋਟਰਾਂ ਨੂੰ ਇਹ ਅਪੀਲ਼ ਵੀ ਕੀਤੀ ਕਿ ਉਹ ਵੋਟਾਂ ਮੰਗਣ ਲਈ ਆਉਣ ਵਾਲੇ ਉਮੀਦਵਾਰਾਂ ਕੋਲੋ ਸਾਫ ਪਾਣੀ ਤੇ ਸਾਫ ਹਵਾ ਵਰਗੇ ਜੀਵਨ ਨਾਲ ਜੁੜੇ ਮੁੱਦਿਆ ਬਾਰੇ ਜਰੂਰ ਸਵਾਲ ਕਰਨ । ਸੰਤ ਸਮਾਜ ਦੀ ਅਗਵਾਈ ਕਰ ਰਹੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਸੰਤ ਸਮਾਜ ਵੱਲੋਂ ਪੇਸ਼ ਵਾਤਾਵਰਣ ਦੇ ਏਜੰਡੇ ਵਿੱਚ 12 ਨੁਕਤਿਆਂ `ਤੇ ਗੱਲ ਕੀਤੀ ਗਈ ਏ । ਉਨਾਂ ਦੱਸਿਆ ਕਿ ਜਲਵਾਯੂ ਤਬਦੀਲੀ ਦੀ ਮਾਰ ਹੇਠ ਦੇਸ਼ ਦੇ 310 ਜ਼ਿਲ੍ਹੇ ਆਏ ਹੋਏ ਨੇ ਅਤੇ ਇਹਨਾਂ ਵਿੱਚੋਂ ਪੰਜਾਬ ਦੇ 9, ਹਿਮਾਚਲ ਦੇ 8 ਅਤੇ ਹਰਿਆਣੇ ਦੇ 11 ਜ਼ਿਲ੍ਹੇ ਸ਼ਾਮਿਲ ਨੇ । ਜਲੰਧਰ, ਗੁਰਦਾਸਪੁਰ, ਮੋਗਾ, ਫਰੀਦਕੋਟ ਤੇ ਬਠਿੰਡਾ ਜ਼ਿਲੇ ਅਤਿ ਸੰਵੇਦਨਸ਼ੀਲ ਨੇ ਅਤੇ ਇਹਨਾਂ ਤੋਂ ਇਲਾਵਾ

ਫ਼ਿਰੋਜ਼ਪੁਰ, ਮੁਕਤਸਰ, ਮਾਨਸਾ ਤੇ ਸੰਗਰੂਰ ਵੀ ਜਲਵਾਯੂ ਤਬਦੀਲੀ ਦੀ ਮਾਰ ਝੱਲ ਰਹੇ ਨੇ।

---------------------------------------------------------

ਚੇਤ ਦੇ ਨਰਾਤਿਆਂ ਦੇ ਅੱਜ ਅੱਠਵੇਂ ਦਿਨ ਮਾਂ ਦੁਰਗਾ ਦੇ ਮਹਾ ਅਸ਼ਟਮੀ ਸਰੂਪ ਦੀ ਪੂਜਾ ਅਰਚਨਾ ਕੀਤੀ ਜਾ ਰਹੀ ਏ। ਮੰਦਰਾਂ ਤੇ ਘਰਾਂ ਵਿਚ ਤੜਕਸਾਰ ਤੋਂ ਹੀ ਵਿਸ਼ੇਸ਼ ਧਾਰਮਿਕ ਆਯੋਜਨ ਕੀਤੇ ਜਾ ਰਹੇ ਨੇ। ਛੋਟੀਆਂ ਛੋਟੀਆਂ ਕੁੜੀਆਂ ਯਾਨੀ ਕੰਜਕਾਂ ਦੀ ਪੂਜਾ ਕਰਕੇ ਲੋਕਾਂ ਨੇ ਆਪਣੇ ਵਰਤ ਖੋਲ੍ਹੇ।

***ਹੋਰ ਵੇਰਵੇ ਨਾਲ ਇਹ ਰਿਪੋਰਟ:ਡਿਸਪੈਚ: ਚੇਤ ਮਹੀਨੇ ਦੇ ਨਰਾਤਿਆਂ ਦੇ ਅੱਜ ਅੱਠਵੇਂ ਦਿਨ ਸ਼ਰਧਾਲੂ ਮਾਂ ਦੁਰਗਾ ਦੇ ਮਹਾ ਅਸ਼ਟਮੀ ਸਰੂਪ ਦੀ ਵਿਧੀ ਵਿਧਾਨ ਨਾਲ ਪੂਜਾ ਅਰਚਨਾ ਕਰ ਰਹੇ ਨੇ। ਨਰਾਤਿਆਂ ਦੇ ਦਿਨਾਂ ਵਿਚ ਅਨੇਕਾਂ ਲੋਕ ਵਰਤ ਰੱਖਦੇ ਨੇ ਅਤੇ ਮਹਾ ਅਸ਼ਟਮੀ ਦੇ ਪਰਵ ਤੇ ਮਾਂ ਦੁਰਗਾ ਦਾ ਸਰੂਪ ਮੰਨੀਆਂ ਜਾਂਦੀਆਂ ਛੋਟੀਆਂ ਛੋਟੀਆਂ ਕੁੜੀਆਂ ਯਾਨੀ ਕੰਜਕਾਂ ਦੀ ਪੂਜਾ ਕਰਕੇ ਆਪਣੇ ਇਹ ਵਰਤ ਖੋਲਦੇ ਨੇ। ਇਸ ਰਵਾਇਤ ਮੁਤਾਬਕ ਹੀ ਜਲੰਧਰ***

***ਸਮੇਤ ਵੱਖ ਵੱਖ ਥਾਈਂ ਲੋਕਾਂ ਨੇ ਤੜਕਸਾਰ ਤੋਂ ਹੀ ਇਨਾਂ ਕੰਜਕਾ ਦੀ ਪੂਰੀ ਸ਼ਰਧਾ ਨਾਲ ਪੂਜਾ ਅਰਚਨਾ ਕੀਤੀ। ਕੰਜਕਾਂ ਨੂੰ ਹਲਵਾ, ਪੂਰੀ ਅਤੇ ਛੋਲਿਆਂ ਦੇ ਪ੍ਰਸਾਦ ਦੇ ਨਾਲ ਨਾਲ ਖਾਣ ਪੀਣ ਦੇ ਹੋਰ ਸਾਮਾਨ ਸਮੇਤ ਕਈ ਕਿਸਮ ਦੇ ਤੋਹਫੇ ਵੀ ਦਿੱਤੇ ਗਏ। ਆਪਣੀ ਪੂਜਾ ਤੋਂ ਖ਼ੁਸ਼ ਇਨਾਂ ਕੰਜਕਾਂ ਨੇ ਲੋਕਾਂ ਨੂੰ ਅਸ਼ੀਰਵਾਦ ਦਿੱਤਾ।***

***Byteਨਰਾਤਿਆਂ ਸਮੇਂ ਵਰਤ ਰੱਖਣ ਵਾਲੇ ਕਈ ਲੋਕ ਨਵਮੀ ਦੇ ਮੌਕੇ ਤੇ ਵੀ ਆਪਣੇ ਵਰਤ ਖੋਲਦੇ ਨੇ ਅਤੇ ਉਹ ਭਲਕੇ ਇਹ ਵਰਤ ਖੋਲਣਗੇ।ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ।***

-----------------------------------------------------------

ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ 80 ਫੀਸਦੀ ਮਤਦਾਨ ਦੇ ਟੀਚੇ ਦੀ ਪ੍ਰਾਪਤੀ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਲਕੇ 17 ਅਪ੍ਰੈਲ ਨੂੰ ਸਪੋਰਟਸ ਕੰਪਲੈਕਸ- 78 ਮੁਹਾਲੀ ਤੋਂ ਮਹਿਲਾ ਵੋਟਰਾਂ ਲਈ ਮੈਰਾਥਨ ਦਾ ਆਯੋਜਨ ਕੀਤਾ ਜਾਵੇਗਾ । ਡਿਪਟੀ ਕਮਿਸ਼ਨਰ ਤੇ ਜ਼ਿਲਾ ਚੋਣ ਅਧਿਕਾਰੀ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਸਵੀਪ ਟੀਮ ਨੇ ਜ਼ਿਲ੍ਹੇ ਵਿੱਚ ਵੋਟ ਪ੍ਰਤੀਸ਼ਤਤਾ ਵਧਾਉਣ ਲਈ ਕਈ ਗਤੀਵਿਧੀਆਂ ਉਲੀਕੀਆਂ

ਨੇ। ਇਸ ਦੀ ਨਿਰੰਤਰਤਾ ਵਿੱਚ ਹੀ ਇੱਕ ਮੈਰਾਥਨ ਦੌੜ ਦੀ ਯੋਜਨਾ ਬਣਾਈ ਗਈ ਏ ਜਿਹੜੀ ਸਵੇਰ ਸਮੇਂ ਕੋਈ ਇਕ ਕਿਲੋਮੀਟਰ 600 ਮੀਟਰ ਦੀ ਦੂਰੀ ਨੂੰ ਤੈਅ ਕਰੇਗੀ। ਉਨ੍ਹਾਂ ਮਹਿਲਾ ਵੋਟਰਾਂ ਖਾਸ ਕਰਕੇ ਨੌਜਵਾਨ ਤੇ ਪਹਿਲੀ ਵਾਰ ਬਣੇ ਵੋਟਰਾਂ ਨੂੰ ਅੱਗੇ ਆਉਣ ਅਤੇ ਇਸ ਜਾਗਰੂਕਤਾ ਗਤੀਵਿਧੀ ਦਾ ਹਿੱਸਾ ਬਣਨ ਲਈ ਅਪੀਲ ਕੀਤੀ ਏ। ਮੈਰਾਥਨ ਲਈ ਇਕੱਠੇ ਹੋਣ ਦਾ ਸਮਾਂ ਸਵੇਰੇ 6:00 ਵਜੇ ਏ ਜਦਕਿ ਇਸਦੇ ਸ਼ੁਰੂ ਹੋਣ ਦਾ ਸਮਾਂ ਸਵੇਰੇ 6:30 ਵਜੇ ਏ।

---------------------------------------------------------------

ਬਠਿੰਡਾ ਦੇ ਜ਼ਿਲ੍ਹਾ ਚੋਣ ਅਫ਼ਸਰ ਜਸਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਜੇ ਨਗਰ ਵਿਖੇ ਵਿਸ਼ੇਸ਼ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਦੌਰਾਨ ਬਠਿੰਡਾ ਸ਼ਹਿਰੀ ਸਵੀਪ ਟੀਮ ਮੈਬਰਾਂ ਨੇ ਵਿਦਿਆਰਥੀਆਂ ਨੂੰ ਵੋਟ ਬਣਾਉਣ ਤੇ ਭਾਰਤੀ ਲੋਕਤੰਤਰ ਮਜਬੂਤ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 18 ਸਾਲ ਦੇ ਨੌਜਵਾਨ ਵਿਦਿਆਰਥੀਆਂ ਨੂੰ ਨਵੀ ਵੋਟ ਬਣਾਉਣ ਲਈ ਉਤਸਾਹਿਤ ਕਰਦਿਆਂ ਵੋਟ ਦੀ ਮੱਹਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ

ਕੀਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਵਿਦਿਆਰਥੀਆਂ ਨੂੰ ਵੋਟਿੰਗ, ਸਕਸ਼ਮ ਐਪ, ਵੋਟਰ ਹੈਲਪ ਲਾਈਨ, ਸੀ-ਵੀਜ਼ਲ ਤੇ ਕੇ.ਵਾਈ.ਸੀ ਐਪ ਸਬੰਧੀ ਵੀ ਜਾਣਕਾਰੀ ਦਿੱਤੀ ਗਈ।

---------------------------------------------------

- ਭਾਰਤ ਚੋਣ ਕਮਿਸ਼ਨ ਅਨੁਸਾਰ ਦੇਸ਼ਭਰ ਵਿਚ ਸੀ ਵਿਜੀਲ 'ਤੇ ਦਰਜ਼ ਕੁੱਲ 2,68,080 ਸ਼ਿਕਾਇਤਾਂ ਵਿੱਚੋਂ 2,67,762 ਵਿੱਚ ਕਾਰਵਾਈ ਕੀਤੀ ਗਈ ਏ।
- ਲੋਕਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੇ ਤਿੰਨ ਅਤੇ ਆਮ ਆਦਮੀ ਪਾਰਟੀ ਨੇ ਚਾਰ ਹਲਕਿਆਂ ਤੋਂ ਅੱਜ ਆਪੋ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਏ।
- ਰੂਪਨਗਰ ਜ਼ਿਲੇ ਦੇ ਨੰਗਲ ਵਿਖੇ ਬੀਤੇ ਦਿਨ ਵਿਸ਼ਵ ਹਿੰਦੂ ਪਰਿਸ਼ਦ ਦੇ ਆਗੂ ਵਿਕਾਸ ਪ੍ਰਭਾਕਰ ਦੇ ਕਤਲ ਮਾਮਲੇ ਵਿਚ ਪੁਲਿਸ ਨੇ ਦੋ ਸ਼ੂਟਰਾਂ ਨੂੰ ਗਿਰਫਤਾਰ ਕੀਤਾ ਏ।

- ਚੇਤ ਦੇ ਨਰਾਤਿਆਂ ਦੇ ਅੱਜ ਅੱਠਵੇਂ ਦਿਨ ਮਾਂ ਦੁਰਗਾ ਦੇ ਮਹਾ ਅਸ਼ਟਮੀ ਸਰੂਪ ਦੀ ਪੂਜਾ ਅਰਚਨਾ ਕੀਤੀ ਜਾ ਰਹੀ ਏ- ਕੰਜਕ ਪੂਜਾ ਕਰਕੇ ਲੋਕਾਂ ਨੇ ਆਪਣੇ ਨਰਾਤਿਆਂ ਦੇ ਵਰਤ ਖੋਲ੍ਹੇ ।